# ਟੈੱਟਨਸ ਅਤੇ ਗਲਘੋਟੂ ਰੋਗ ਦੇ ਲੋਦੇ (Td)

## ਆਪਣੇ ਜਾਂ ਆਪਣੇ ਬੱਚੇ ਦੇ ਲੋਦਾ ਲਵਾਉਣ ਤੋਂ ਪਹਿਲਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ



## ਬੀਮਾਰੀਆਂ ਬਾਰੇ

ਟੈੱਟਨਸ (ਖਿੱਚ ਦੀ ਬੀਮਾਰੀ) ਅਤੇ ਡਿਪਥੇਰੀਆ (ਗਲਘੋਟੂ ਰੋਗ) ਗੰਭੀਰ ਬੀਮਾਰੀਆਂ ਹਨ। ਟੈੱਟਨਸ ਇਕ ਜਰਾਸੀਮ ਨਾਲ ਹੁੰਦੀ ਹੈ, ਜਿਹੜਾ ਕਿਸੇ ਕੱਟ ਜਾਂ ਜ਼ਖਮ ਰਾਹੀਂ ਸਰੀਰ ਵਿਚ ਦਾਖਲ ਹੁੰਦਾ ਹੈ। ਡਿਪਥੇਰੀਆ ਦੀ ਬੀਮਾਰੀ, ਬੀਮਾਰੀ ਲੱਗੇ ਵਿਅਕਤੀ ਤੋਂ ਦੂਜੇ ਵਿਅਕਤੀਆਂ ਤੱਕ, ਉਨ੍ਹਾਂ ਦੇ ਨੱਕ ਜਾਂ ਗਲ ਰਾਹੀਂ ਲੱਗਦੀ ਹੈ।

| ਟੈੱਟਨਸ ਨਾਲ | ਡਿਪਥੇਰੀਆ ਨਾਲ |
|---|---|
| ਸਾਰੇ ਪੱਠਿਆਂ ਵਿਚ ਗੰਭੀਰ ਕਿਸਮ ਦੀ ਅਤੇ ਦਰਦਮਈ ਆਕੜ ਪੈ ਜਾਂਦੀ ਹੈ | ਨੱਕ, ਗਲੇ, ਜਾਂ ਸਾਹ ਰਾਹ ਵਿਚ ਸੰਘਣੀ ਤਹਿ ਜੰਮ ਸਕਦੀ ਹੈ |
| **ਇਸ ਨਾਲ:** ਜਬ੍ਹਾੜਾ "ਬੰਦ" ਹੋ ਸਕਦਾ ਹੈ ਅਤੇ ਮਰੀਜ਼ ਆਪਣਾ ਮੂੰਹ ਨਹੀਂ ਖੋਲ੍ਹ ਸਕਦਾ ਜਾਂ ਕੁਝ ਨਿਗਲ ਨਹੀਂ ਸਕਦਾ | **ਇਸ ਨਾਲ:**<br>- ਸਾਹ ਲੈਣ ਵਿਚ ਸਮੱਸਿਆਵਾਂ ਆ ਸਕਦੀਆਂ ਹਨ<br>- ਦਿਲ ਫੇਲ੍ਹ ਹੋ ਸਕਦਾ ਹੈ<br>- ਅਧਰੰਗ ਹੋ ਸਕਦਾ ਹੈ<br>- ਮੌਤ ਹੋ ਸਕਦੀ ਹੈ |

## ਲੋਦਿਆਂ (ਵੈਕਸੀਨਾਂ) ਬਾਰੇ

### ਲੋਦਿਆਂ ਦੇ ਫਾਇਦੇ

ਟੈੱਟਨਸ ਅਤੇ ਡਿਪਥੇਰੀਆ ਤੋਂ ਬਚਾਉ ਕਰਨ ਲਈ ਲੋਦੇ ਲਵਾਉਣਾ ਹੀ ਬਿਹਤਰ ਤਰੀਕਾ ਹੈ। ਲੋਦਿਆਂ ਕਾਰਨ, ਇਨ੍ਹਾਂ ਬੀਮਾਰੀਆਂ ਦੇ ਕੇਸ ਬਹੁਤ ਘੱਟ ਹੁੰਦੇ ਹਨ। ਬੱਚਿਆਂ ਨੂੰ ਇਹ ਬੀਮਾਰੀਆਂ ਬਹੁਤ ਹੀ ਘੱਟ ਹੁੰਦੀਆਂ ਹਨ, ਕਿਉਂਕਿ ਬਹੁਤੇ ਬੱਚੇ DTP (ਡਿਪਥੇਰੀਆ, ਟੈੱਟਨਸ, ਅਤੇ ਪਰਟੂਸਿਸ), DTaP (ਡਿਪਥੇਰੀਆ, ਟੈੱਟਨਸ, ਅਤੇ ਏਸੈਲੂਲਰ ਪਰਟੂਸਿਸ) ਜਾਂ DT (ਡਿਪਥੇਰੀਆ ਅਤੇ ਟੈੱਟਨਸ) ਦੇ ਲੋਦੇ ਲਵਾਉਂਦੇ ਹਨ। ਜੇ ਅਸੀਂ ਲੋਕਾਂ ਦੇ ਲੋਦੇ ਲਾਉਣੇ ਬੰਦ ਕਰ ਦਈਏ ਤਾਂ ਇਨ੍ਹਾਂ ਬੀਮਾਰੀਆਂ ਦੇ ਬਹੁਤ ਸਾਰੇ ਹੋਰ ਕੇਸ ਸਾਹ-ਮਣੇ ਆਉਣਗੇ।

### ਤੁਹਾਨੂੰ ਟੀ ਡੀ ਵੈਕਸੀਨ ਦਾ ਲੋਦਾ ਕਦੋਂ ਲਵਾਉਣਾ ਚਾਹੀਦਾ ਹੈ?

Td ਦਾ ਲੋਦਾ 7 ਸਾਲ ਜਾਂ ਜ਼ਿਆਦਾ ਉਮਰ ਦੇ ਲੋਕਾਂ ਲਈ ਹੈ।

ਜਿਨ੍ਹਾਂ ਲੋਕਾਂ ਨੇ ਆਪਣੀ ਜ਼ਿੰਦਗੀ ਵਿਚ, ਟੈੱਟਨਸ ਅਤੇ ਡਿਪਥੇਰੀਆ ਦੀ ਕਿਸੇ ਵੀ ਵੈਕਸੀਨ (DTP, DTaP ਜਾਂ DT) ਦੇ ਘੱਟੋ ਘੱਟ 3 ਵਾਰੀ ਲੋਦੇ ਨਹੀਂ ਲਵਾਏ, ਉਨ੍ਹਾਂ ਨੂੰ ਟੈੱਟਨਸ ਅਤੇ ਡਿਪਥੇਰੀਆ ਦਾ ਲੋਦਾ ਲਵਾਉਣਾ ਚਾਹੀਦਾ ਹੈ। ਤੀਜੀ ਵਾਰ ਲੋਦਾ ਲਵਾਉਣ ਤੋਂ ਬਾਅਦ, Td ਦਾ ਲੋਦਾ ਜ਼ਿੰਦਗੀ ਭਰ ਵਿਚ ਹਰ 10 ਸਾਲ ਬਾਅਦ ਲਵਾਉਣ ਦੀ ਲੋੜ ਹੈ।

ਦੂਜੀਆਂ ਵੈਕਸੀਨਾਂ ਵੀ Td ਦੇ ਲੋਦੇ ਵੇਲੇ ਦਿੱਤੀਆਂ ਜਾ ਸਕਦੀਆਂ ਹਨ।

ਜੇ ਲੋਦਾ ਲਵਾ ਰਹੇ ਵਿਅਕਤੀ ਨੂੰ ਇਨ੍ਹਾਂ ਵਿਚੋਂ ਕੋਈ ਸਮੱਸਿਆ ਹੋਵੇ ਤਾਂ ਇਸ ਬਾਰੇ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ:

- ਜੇ ਕਦੇ ਵੀ, Td, ਜਾਂ ਟੈੱਟਨਸ ਅਤੇ ਡਿਪਥੇਰੀਆ ਦੀ ਕਿਸੇ ਵੀ ਹੋਰ ਵੈਕਸੀਨ (DTP, DTaP ਜਾਂ Td) ਨਾਲ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਇਆ ਹੈ ਜਾਂ ਕੋਈ ਹੋਰ ਸਮੱਸਿਆ ਆਈ ਹੈ
- ਇਸ ਵੇਲੇ, ਕੋਈ ਛੋਟੀ ਜਾਂ ਗੰਭੀਰ ਬੀਮਾਰੀ ਹੈ
- ਜੇ ਤੁਸੀਂ ਗਰਭਵਤੀ ਹੋ

ਜੇ ਤੁਹਾਨੂੰ ਪੱਕਾ ਪਤਾ ਨਾ ਹੋਵੇ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ।

### Td ਵੈਕਸੀਨ ਦੇ ਕੀ ਖਤਰੇ ਹਨ?

ਜਿਵੇਂ ਕਿ ਕਿਸੇ ਵੀ ਦਵਾਈ ਨਾਲ ਹੋ ਸਕਦਾ ਹੈ, ਪਰ ਅਜਿਹੇ ਖਤਰੇ ਬਹੁਤ ਹੀ ਘੱਟ ਹਨ, ਜਿੱਥੇ ਲੋਦਾ ਲਵਾਉਣ ਤੋਂ ਬਾਅਦ ਗੰਭੀਰ ਸਮੱਸਿਆਵਾਂ ਆ ਸਕਦੀਆਂ ਹਨ, ਜਾਂ ਮੌਤ ਹੋ ਸਕਦੀ ਹੈ।

ਜੇ ਲੋਕ ਲੋਦੇ ਲਵਾਉਣੇ ਬੰਦ ਕਰ ਦੇਣ ਤਾਂ ਬੀਮਾਰੀਆਂ ਦੇ ਖਤਰੇ ਨਾਲੋਂ ਲੋਦਿਆਂ ਤੋਂ ਖਤਰੇ ਬਹੁਤ ਹੀ ਘੱਟ ਹਨ।

ਜਿੰਨੇ ਲੋਕ Td ਦਾ ਲੋਦਾ ਲਵਾਉਂਦੇ ਹਨ, ਉਨ੍ਹਾਂ ਵਿਚੋਂ ਲਗਭਗ ਸਾਰਿਆਂ ਨੂੰ ਕੋਈ ਸਮੱਸਿਆ ਨਹੀਂ ਆਉਂਦੀ।

CDC
CENTERS FOR DISEASE CONTROL AND PREVENTION
U.S. DEPARTMENT OF HEALTH & HUMAN SERVICES
Centers for Disease Control and Prevention
National Immunization Program

## ਹਲਕੀਆਂ ਸਮੱਸਿਆਵਾਂ

ਜੇ ਇਹ ਸਮੱਸਿਆਵਾਂ ਆਉਣ ਤਾਂ ਇਹ ਆਮ ਤੌਰ ਤੇ ਲੋਦਾ ਲਵਾਉਣ ਤੋਂ ਕੁਝ ਘੰਟਿਆਂ ਬਾਅਦ ਜਾਂ ਇਕ ਜਾਂ ਦਿਨ ਬਾਅਦ ਸ਼ੁਰੂ ਹੁੰਦੀਆਂ ਹਨ। ਇਹ 1-2 ਦਿਨ ਰਹਿ ਸਕਦੀਆਂ ਹਨ:

- ਲੋਦਾ ਲੱਗੀ ਥਾਂ ਦੁਖਣਾ, ਉੱਥੇ ਲਾਲੀ ਜਾਂ ਸੋਜ ਹੋਣਾ

ਉਨ੍ਹਾਂ ਬਾਲਗਾਂ ਵਿਚ ਇਹ ਸਮੱਸਿਆਵਾਂ ਜ਼ਿਆਦਾ ਹੋ ਸਕਦੀਆਂ ਹਨ, ਜਿਹੜੇ ਟੀ ਡੀ ਦਾ ਲੋਦਾ ਲਵਾਉਂਦੇ ਰਹਿੰਦੇ ਹਨ।

ਦਰਦ ਤੋਂ ਆਰਾਮ ਲਈ Acetaminophen (ਐਸੀਟਾਮੀਨੋਫਿਨ) ਜਾਂ Ibuprofen (ਇਬੂਪਰੋਫਿਨ) (ਐਸਪਰੀਨ-ਰਹਿਤ ਦਵਾਈ) ਵਰਤੀ ਜਾ ਸਕਦੀ ਹੈ।

## ਗੰਭੀਰ ਸਮੱਸਿਆਵਾਂ

ਇਹ ਸਮੱਸਿਆਵਾਂ ਬਹੁਤ ਹੀ ਘੱਟ ਆਉਂਦੀਆਂ ਹਨ:

- ਅਲਰਜੀ ਦਾ ਗੰਭੀਰ ਰੀਐਕਸ਼ਨ
- ਬਾਂਹ ਦੇ ਉਪਰਲੇ ਹਿੱਸੇ ਵਿਚ ਡੂੰਘੀ, ਦੁੱਖਦਾਈ ਦਰਦ ਅਤੇ ਪੱਠਿਆਂ ਦਾ ਨੁਕਸਾਨ ਹੋਣਾ। ਅਜਿਹਾ, ਲੋਦਾ ਲੱਗਣ ਤੋਂ ਬਾਅਦ 2 ਦਿਨ ਤੋਂ ਲੈ ਕੇ 4 ਹਫਤੇ ਬਾਅਦ ਸ਼ੁਰੂ ਹੁੰਦਾ ਹੈ, ਅਤੇ ਅਜਿਹਾ ਹੋਣਾ ਕਈ ਮਹੀਨੇ ਰਹਿ ਸਕਦਾ ਹੈ।

## ਜੇ ਗੰਭੀਰ ਰੀਐਕਸ਼ਨ ਹੋ ਜਾਵੇ ਕੀ ਕਰਨਾ ਹੈ:

- ✔ ਡਾਕਟਰ ਨੂੰ ਫੋਨ ਕਰੋ ਜਾਂ ਉਸ ਵਿਅਕਤੀ ਨੂੰ ਫੌਰਨ ਡਾਕਟਰ ਕੋਲ ਲੈ ਕੇ ਜਾਓ।
- ✔ ਇਹ ਲਿਖੋ ਕਿ ਕੀ ਹੋਇਆ ਹੈ ਅਤੇ ਅਜਿਹਾ ਹੋਣ ਦੀ ਤਰੀਕ ਅਤੇ ਸਮਾਂ ਲਿਖੋ।
- ✔ ਆਪਣੇ ਡਾਕਟਰ, ਨਰਸ ਜਾਂ ਸਿਹਤ ਵਿਭਾਗ ਨੂੰ ਕਹੋ ਕਿ ਉਹ Vaccine Adverse Event Report Form ਦੇਣ ਜਾਂ (800) 822-7967 ਤੇ ਮੁਫਤ ਫੋਨ ਕਰੋ।

---

**The National Vaccine Injury Compensation Program (ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ),** ਉਨ੍ਹਾਂ ਵਿਅਕਤੀਆਂ ਨੂੰ ਮੁਆਵਜ਼ਾ (ਪੇਮੈਂਟ) ਦਿੰਦਾ ਹੈ, ਜਿਨ੍ਹਾਂ ਬਾਰੇ ਸਮਝਿਆ ਜਾਂਦਾ ਹੈ ਕਿ ਉਹ ਲੋਦਿਆਂ ਨਾਲ ਜ਼ਖਮੀ ਹੋਏ ਹਨ। ਵੇਰਵਿਆਂ ਲਈ (800) 338-2382 ਤੇ ਮੁਫਤ ਫੋਨ ਕਰੋ।

---

ਜੇ ਤੁਸੀਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ। ਉਹ ਤੁਹਾਨੂੰ ਲੋਦਿਆਂ ਬਾਰੇ ਲਿਖਤੀ ਜਾਣਕਾਰੀ ਦੇ ਸਕਦੇ ਹਨ ਜਾਂ ਹੋਰ ਤਰੀਕਿਆਂ ਰਾਹੀਂ ਜਾਣਕਾਰੀ ਲੈਣ ਦੀ ਸਲਾਹ ਦੇ ਸਕਦੇ ਹਨ।



Vaccine Information Statement
Td IMM 355 ML Punjabi (6/10/94)
Translated by Transcend Translations, Davis, CA
http://www.transcend.net